# ਸਮਰਪਣ ਦੀ ਸਮਰੱਥ



ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2024

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - The Power of Commitment)

# ਸਮਰਪਣ ਦੀ ਸਮਰੱਥ

# ਵਿਸ਼ਾ-ਸੂਚੀ

ਜਾਣ-ਪਛਾਣ

1. ਇੱਕ ਸਮਰਪਿਤ ਵਿਅਕਤੀ ਦੇ ਗੁਣ 1

2. ਸਮਰਪਣ ਦਾ ਮੁੱਲ 4

3. ਕੀ ਤੁਸੀਂ ਸਮਰਪਿਤ ਹੋ? 8

# ਜਾਣ-ਪਛਾਣ

ਸਮਰਪਣ ਇੱਕ ਅਜਿਹਾ ਗੁਣ ਹੈ ਜੋ ਦੁਨੀਆਂ ਅਤੇ ਆਮ ਤੌਰ ‘ਤੇ ਕਲੀਸਿਆ ਵਿੱਚ ਘੱਟ ਹੀ ਪਾਇਆ ਜਾਂਦਾ ਹੈ। ਸਾਡੇ ਵਿੱਚੋਂ ਜ਼ਿਆਦਾਤਰ ਉਹ ਕਰਨਾ ਚਾਹੁੰਦੇ ਹਨ ਜੋ ਅਸਾਨ ਹੈ ਅਤੇ ਸਮਰਪਿਤ ਲੋਕ ਲੱਭਣੇ ਔਖੇ ਹਨ।

ਸਮਰਪਿਤ ਹੋਣ ਦਾ ਕੀ ਮਤਲਬ ਹੈ? ਇਸਦਾ ਅਰਥ ਇਹ ਹੈ ਕਿ ਕਿਸੇ ਖਾਸ ਕੰਮ ਪ੍ਰਤੀ ਵਿਸਵਾਸ਼ਯੋਗ ਅਤੇ ਵਫ਼ਾਦਾਰ ਹੋਣਾ। ਭਾਵ ਕਿ ਅਸੀਂ ਜ਼ਿੰਮੇਵਾਰੀ ਪ੍ਰਤੀ ਸੁਚੇਤ ਹਾਂ। ਅਸੀਂ ਕਿਸੇ ਖਾਸ ਚੀਜ਼ ਬਾਰੇ ਜਾਣਬੁੱਝ ਕੇ ਨਾ ਬਦਲਣ ਵਾਲਾ ਫੈਸਲਾ ਲੈ ਕੇ ਉਸ ਨਾਲ ਚਿੰਬੜੇ ਰਹਿੰਦੇ ਹਾਂ। ਸਮਰਪਿਤ ਹੋਣਾ ਕਿਸੇ ਖਾਸ ਵਸਤੂ ਵੱਲ ਆਪਣੇ ਉੱਦਮ ਨੂੰ ਪ੍ਰਗਟ ਕਰਨਾ ਹੈ।

ਉਦਾਹਰਨ ਲਈ, ਉਹਨਾਂ ਸ਼ਬਦਾਂ ਬਾਰੇ ਸੋਚ ਜੋ ਅਸੀਂ ਬੋਲਦੇ ਹਾਂ। ਉਹਨਾਂ ਵਾਇਦਿਆਂ ਬਾਰੇ ਸੋਚੋ ਜੋ ਅਸੀਂ ‘ਸਮੇਂ’ ਦੇ ਬਾਰੇ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਅਸੀਂ ਕਿਸੇ ਨਿਸ਼ਚਿਤ ਸਮੇਂ ‘ਤੇ ਕਿਸੇ ਨੂੰ ਮਿਲਾਂਗੇ ਅਤੇ ਫਿਰ ਅਸੀਂ ਇਸ ਬਾਰੇ ਢਿੱਲੇ ਹੁੰਦੇ ਹਾਂ। ਅਕਸਰ ਅਸੀਂ ਅੱਧਾ ਘੰਟਾ ਦੇਰੀ ਨਾਲ ਪਹੁੰਚਦੇ ਹਾਂ ਅਤੇ ਸੋਚਦੇ ਹਾਂ ਕਿ ਸਭ ਕੁਝ ਆਮ ਹੈ। ਪਰ ਇਹ ਦਰਸਾਉਂਦਾ ਹੈ ਕਿ ਅਸੀਂ ਆਪਣੇ ਸ਼ਬਦਾਂ ਵਿੱਚ ਸੱਚੇ ਨਹੀਂ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਕਿਸੇ ਨਿਸ਼ਚਿਤ ਸਮੇਂ ‘ਤੇ ਕਿਸੇ ਨੂੰ ਮਿਲਾਂਗੇ, ਸਾਨੂੰ ਉਸ ਪ੍ਰਤੀ ਸਮਰਪਿਤ ਹੋਣ ਦੀ ਲੋੜ ਹੈ। ਮੈਨੂੰ ਇਹ ਕਹਿਣ ਵਿੱਚ ਸ਼ਰਮ ਆਉਂਦੀ ਹੈ ਕਿ ਜਦੋਂ ਸਮੇਂ ਦਾ ਧਿਆਨ ਰੱਖਣ ਦੀ ਗੱਲ ਆਉਂਦੀ ਹੈ ਤਾਂ ਪਾਸਟਰ ਅਤੇ ਪਰਮੇਸ਼ੁਰ ਦੇ ਸੇਵਕ ਵੀ ਢਿੱਲੇ ਪੈ ਜਾਂਦੇ ਹਨ। ਜੇ ਤੁਸੀਂ ਪਰਮੇਸ਼ੁਰ ਦੇ ਸੇਵਕ ਹੋ, ਤਾਂ ਬਹੁਤ ਸਾਰੇ ਮਹੱਤਵਪੂਰਨ ਖੇਤਰਾਂ ਵਿੱਚੋਂ ਇੱਕ ਹੈ, ਜਿੱਥੇ ਤੁਸੀਂ ਆਪਣੇ ਸ਼ਬਦਾਂ ਦੇ ਪ੍ਰਤੀ ਸਮਪਰਣ ਦਿਖਾ ਸਕਦੇ ਹੋ ਕਿ ਤੁਸੀਂ ਸਮੇਂ ਦਾ ਧਿਆਨ ਰੱਖੋ। ਜਦੋਂ ਤੁਸੀਂ ਕੁਝ ਕਹਿੰਦੇ ਹੋ ਤਾਂ ਉਸਦੀ ਪਾਲਣਾ ਕਰੋ।

ਬਾਈਬਲ ਸਾਨੂੰ ਸਪਰਪਿਤ ਹੋਣ ਬਾਰੇ ਸਿਖਾਉਂਦੀ ਹੈ। ਪ੍ਰਭੂ ਯਿਸੂ ਨੇ ਕਿਹਾ, *“ਇੱਕ ਆਦਮੀ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ। ਉਹ ਇੱਕ ਨੂੰ ਪਿਆਰ ਕਰੇਗਾ ਅਤੇ ਦੂਜੇ ਨਾਲ ਨਫ਼ਰਤ ਕਰੇਗਾ ਜਾਂ ਉਹ ਇੱਕ ਨਾਲ*

*ਜੁੜੇਗਾ ਅਤੇ ਦੂਜੇ ਨੂੰ ਨਫ਼ਰਤ ਕਰੇਗਾ। ਤੁਸੀਂ ਪਰਮੇਸ਼ੁਰ ਅਤੇ ਪੈਸੇ ਦੋਵਾਂ ਦੀ ਸੇਵਾ ਨਹੀਂ ਕਰ ਸਕਦੇ ਹੋ"* (ਮੱਤੀ 6:24)। ਯਿਸੂ ਕਹਿੰਦਾ ਹੈ ਕਿ ਇਹ ਸਾਡਾ ਅੰਤਰਨਿਹਿਤ ਸੁਭਾਅ ਹੈ। ਮਨੁੱਖ ਦੇ ਦੋ ਆਪਸੀ ਵਿਰੋਧੀ ਸਮਰਪਣ ਨਹੀਂ ਹੋ ਸਕਦੇ। ਉਦਾਹਰਨ ਲਈ, ਅਸੀਂ ਪਰਮੇਸ਼ੁਰ ਅਤੇ ਦੁਨੀਆਂ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ। ਅਸੀਂ ਇੱਕ ਪ੍ਰਤੀ ਦੂਜੇ ਨਾਲੋਂ ਵੱਧ ਸਮਰਪਿਤ ਹੋਵਾਂਗੇ। ਸੰਸਾਰ ਦਾ ਮਿੱਤਰ ਅਤੇ ਪਰਮੇਸ਼ੁਰ ਦਾ ਮਿੱਤਰ ਬਣਨਾ ਸੰਭਵ ਨਹੀਂ ਹੈ। *"ਕੀ ਤੁਸੀਂ ਨਹੀਂ ਜਾਣਦੇ ਕਿ ਦੁਨੀਆਂ ਨਾਲ ਦੋਸਤੀ ਪਰਮੇਸ਼ੁਰ ਨਾਲ ਦੁਸ਼ਮਣੀ ਹੈ। ਇਸ ਲਈ ਜੋ ਦੁਨੀਆਂ ਦੇ ਦੋਸਤ ਹਨ, ਉਹ ਪਰਮੇਸ਼ੁਰ ਨਾਲ ਦੁਸ਼ਮਣੀ ਰੱਖਦੇ ਹਨ। ਇਸ ਲਈ ਜੋ ਕੋਈ ਦੁਨੀਆਂ ਨਾਲ ਦੋਸਤੀ ਕਰਨਾ ਚਾਹੁੰਦਾ ਹੈ, ਉਹ ਆਪਣੇ ਆਪ ਨੂੰ ਪਰਮੇਸ਼ੁਰ ਦਾ ਦੁਸ਼ਮਣ ਬਣਾਉਂਦਾ ਹੈ"* (ਯਾਕੂਬ 4:4)। ਜਾਂ ਤਾਂ ਅਸੀਂ ਪਰਮੇਸ਼ੁਰ ਦੇ ਮਿੱਤਰ ਬਣ ਜਾਈਏ ਜਾਂ ਦੁਨੀਆਂ ਦੇ ਮਿੱਤਰ ਬਣ ਜਾਈਏ। ਇਹ ਦੋਵੇਂ ਸਮਰਪਣ ਇੱਕੋ ਸਮੇਂ ਨਹੀਂ ਹੋ ਸਕਦੇ। ਸਾਨੂੰ ਕੇਵਲ ਇੱਕ ਸੁਆਮੀ ਨੂੰ ਸਮਰਪਿਤ ਹੋਣਾ ਹੈ। ਯਿਸੂ ਸਾਨੂੰ ਉਸ ਲਈ ਸਮਰਪਣ ਹੋਣ ਲਈ ਬੁਲਾ ਰਿਹਾ ਹੈ ਅਤੇ ਮਸੀਹ ਦੇ ਸਰੀਰ ਵਿੱਚ ਇੱਕ ਮਜ਼ਬੂਤ ਸਮਰਪਣ ਹੋਣਾ ਚਾਹੀਦਾ ਹੈ। ਇਹ ਕਿਤਾਬ ਸਮਰਪਣ ਦੀ ਸਮੱਰਥਾ 'ਤੇ ਜ਼ੋਰ ਦਿੰਦੀ ਹੈ ਅਤੇ ਇਹ ਤੁਹਾਨੂੰ ਹਰ ਕੰਮ ਵਿੱਚ ਸਮਰਪਿਤ ਹੋਣ ਲਈ ਪ੍ਰੇਰਿਤ ਕਰੇਗੀ।

ਪਰਮੇਸ਼ੁਰ ਬਰਕਤ ਦੇਵੇ!

ਆਸ਼ਿਸ਼ ਰਾਏਚੂਰ

# 1
# ਇੱਕ ਸਮਰਪਿਤ ਵਿਅਕਤੀ ਦੇ ਗੁਣ

ਅਸੀਂ ਕਿਵੇਂ ਦੱਸ ਸਕਦੇ ਹਾਂ ਕਿ ਅਸੀਂ ਅਸਲ ਵਿੱਚ ਕਿਸੇ ਗੱਲ ਲਈ ਸਮਰਪਿਤ ਹਾਂ?

## ਕਿਸੇ ਵੀ ਕੀਮਤ ਦਾ ਭੁਗਤਾਨ ਕਰਨ ਲਈ ਤਿਆਰ

ਜੇਕਰ ਅਸੀਂ ਪਰਮੇਸ਼ੁਰ ਦੇ ਸੱਦੇ ਲਈ ਸਮਰਪਿਤ ਹਾਂ, ਤਾਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿੰਨੀ ਵੱਡੀ ਕੀਮਤ ਹੈ। ਅਸੀਂ ਪਰਮੇਸ਼ੁਰ ਦੇ ਸੱਦੇ ਨੂੰ ਪੂਰਾ ਕਰਨ ਲਈ ਉਸ ਕੀਮਤ ਦਾ ਭੁਗਤਾਨ ਕਰਨ ਲਈ ਤਿਆਰ ਹਾਂ। ਕੁਝ ਲੋਕ ਪਰਮੇਸ਼ੁਰ ਦੀ ਸੇਵਾ ਕਰਨਾ ਚਾਹੁੰਦੇ ਹਨ, ਪਰ ਉਹ ਉੱਥੇ ਪਹੁੰਚਣ ਲਈ ਸਖ਼ਤ ਮਿਹਨਤ ਕਰਨ ਲਈ ਤਿਆਰ ਨਹੀਂ ਹਨ ਜਿੱਥੇ ਪਰਮੇਸ਼ੁਰ ਉਨ੍ਹਾਂ ਨੂੰ ਚਾਹੁੰਦਾ ਹੈ। ਭਾਵੇਂ ਪਰਮੇਸ਼ੁਰ ਕੋਲ ਤੁਹਾਡੇ ਜੀਵਨ ਲਈ ਇੱਕ ਸੱਦਾ ਅਤੇ ਇੱਕ ਯੋਜਨਾ ਹੈ, ਇਹ ਸਾਰੀਆਂ ਚੀਜ਼ਾਂ ਆਪਣੇ ਆਪ ਪ੍ਰਗਟ ਨਹੀਂ ਹੋਣਗੀਆਂ। ਤੁਸੀਂ ਪਰਮੇਸ਼ੁਰ ਦੇ ਸਹਿਕਰਮੀ ਹੋ ਅਤੇ ਸਹਿਕਰਮੀ ਨੂੰ ਕੰਮ ਕਰਨ ਦੀ ਜ਼ਰੂਰਤ ਹੈ! ਪਰਮੇਸ਼ੁਰ ਤੁਹਾਨੂੰ ਬੁਲਾ ਸਕਦਾ ਹੈ ਕਿ ਤੁਸੀਂ ਆਪਣੇ ਜੀਵਨ ਵਿੱਚ ਉਸਦੇ ਉਦੇਸ਼ਾਂ ਨੂੰ ਪ੍ਰਗਟ ਕਰਨ ਲਈ ਕੁਰਬਾਨੀ ਦਿਓ। ਜੇ ਤੁਸੀਂ ਸੱਚਮੁੱਚ ਪਰਮੇਸ਼ੁਰ ਦੇ ਉਦੇਸ਼ਾਂ ਲਈ ਸਮਰਪਿਤ ਹੋ, ਤਾਂ ਤੁਸੀਂ ਕੁਰਬਾਨੀ ਦਿਓਗੇ ਜਿਸਦੀ ਉਹ ਤੁਹਾਡੇ ਤੋਂ ਮੰਗ ਕਰਦਾ ਹੈ।

ਬਾਈਬਲ ਕੁਝ ਵਿਸ਼ਵਾਸੀਆਂ ਬਾਰੇ ਦੱਸਦੀ ਹੈ, *"ਅਤੇ ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਸਾਖੀ ਦੇ ਵਚਨ ਦੇ ਕਾਰਨ ਉਹ ਸ਼ੈਤਾਨ ਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ"* (ਪਰਕਾਸ਼ 12:11)। ਇਹ ਲੋਕ ਪ੍ਰਭੂ ਯਿਸੂ ਦੇ ਪ੍ਰਤੀ ਐੱਨੇ ਜ਼ਿਆਦਾ ਸਮਰਪਿਤ ਸਨ ਕਿ ਆਪਣੇ ਜੀਵਨ ਨੂੰ ਵੀ ਕੁਰਬਾਨ ਕਰਨ ਲਈ ਤਿਆਰ ਸਨ। ਜੇ ਅਸੀਂ ਪ੍ਰਭੂ ਯਿਸੂ ਮਸੀਹ ਦੇ ਪ੍ਰਤੀ ਸਮਰਪਿਤ ਹਾਂ ਤਾਂ ਕੋਈ ਕੀਮਤ ਐੱਨੀ ਵੱਡੀ ਨਹੀਂ ਹੈ ਕਿ ਚੁਕਾਈ ਨਹੀਂ ਜਾ ਸਕਦੀ, ਭਾਵੇਂ ਸਾਨੂੰ ਆਪਣੇ ਮਾਲਕ ਦੇ ਲਈ ਜੀਵਨ

ਵੀ ਕੁਰਬਾਨ ਕਿਉਂ ਨਾ ਕਰਨਾ ਪਵੇ।

## ਸਾਰੀਆਂ ਰੁਕਾਵਟਾਂ ਨੂੰ ਜਿੱਤਣ ਲਈ ਤਿਆਰ

ਸਮਰਪਿਤ ਵਿਅਕਤੀ ਆਪਣੇ ਸਮਰਪਣ ਨੂੰ ਕਾਇਮ ਰੱਖਣ ਲਈ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਨ ਲਈ ਤਿਆਰ ਰਹਿੰਦਾ ਹੈ। ਸਮਰਪਿਤ ਵਿਅਕਤੀ ਕੋਈ ਵੀ ਕੰਮ ਅਸਾਨੀ ਨਾਲ ਨਹੀਂ ਛੱਡਦਾ। ਉਹ ਕੋਈ ਅਸਾਨ ਰਾਹ ਨਹੀਂ ਲੱਭਦਾ। ਇਹ ਵਿਅਕਤੀ ਆਪਣੇ ਸਮਰਪਣ ਨੂੰ ਪੂਰਾ ਕਰਨ ਲਈ ਦ੍ਰਿੜ ਰਹਿੰਦਾ ਹੈ। ਉਸ ਦੇ ਰਾਹ ਵਿੱਚ ਭਾਵੇਂ ਕਿੰਨੀਆਂ ਵੀ ਰੁਕਾਵਟਾਂ ਆ ਜਾਣ, ਉਹ ਅੱਗੇ ਵੱਧਦਾ ਹੈ ਅਤੇ ਆਪਣੀ ਲਗਨ ਨਾਲ ਸਭ ਕੁਝ ਕਰਦਾ ਹੈ। ਇੱਕ ਵਿਅਕਤੀ ਜੋ ਸੱਚਮੁੱਚ ਸਮਰਪਿਤ ਨਹੀਂ ਹੈ, ਆਪਣੀ ਸੁੱਖਣਾ ਤਾਂ ਹੀ ਪੂਰੀ ਕਰੇਗਾ ਜਦੋਂ ਸਾਰੀਆਂ ਚੀਜ਼ਾਂ ਸੁਵਿਧਾਜਨਕ ਹੋਣ। ਪਰ ਜਦੋਂ ਕੁਝ ਮੁਸ਼ਕਿਲਾਂ ਆਉਂਦੀਆਂ ਹਨ, ਤਾਂ ਉਹ ਉਨ੍ਹਾਂ ਨੂੰ ਬਦਲਣ ਲਈ ਤਿਆਰ ਹੋ ਜਾਂਦਾ ਹੈ ਤਾਂਕਿ ਉਸ ਨੂੰ ਆਪਣਾ ਵਾਇਦਾ ਪੂਰਾ ਨਾ ਕਰਨਾ ਪਵੇ।

## ਸਮਰਪਣ ਪ੍ਰਤੀ ਦ੍ਰਿੜ੍ਹ ਰਹਿਣ ਦੀ ਯੋਗਤਾ

ਜੋ ਮਨੁੱਖ ਸਮਰਪਿਤ ਹੈ, ਉਹ ਸਮਰਪਿਤ ਰਹਿੰਦਾ ਹੈ ਅਤੇ ਅਸਾਨੀ ਨਾਲ ਹਾਰ ਨਹੀਂ ਮੰਨਦਾ। ਪਰ ਜਿਹੜਾ ਵਿਅਕਤੀ ਕਿਸੇ ਵੀ ਕੰਮ ਪ੍ਰਤੀ ਸਮਰਪਿਤ ਨਹੀਂ ਹੁੰਦਾ, ਉਸ ਨੂੰ ਜਿੱਥੇ ਵੀ ਸਹੂਲਤ ਮਿਲਦੀ ਹੈ, ਉੱਧਰ ਭਟਕ ਜਾਂਦਾ ਹੈ।

**ਲੂਕਾ 9:57-62**
**57 ਜਾਂ ਓਹ ਰਸਤੇ ਵਿੱਚ ਚੱਲੇ ਜਾਂਦੇ ਸਨ ਤਾਂ ਉਸ ਨੂੰ ਕਿਨੇ ਆਖਿਆ, "ਜਿੱਥੇ ਕਿਤੇ ਤੁਸੀਂ ਜਾਓ ਮੈਂ ਤੁਹਾਡੇ ਮਗਰ ਚੱਲਾਂਗਾ।"**
**58 ਯਿਸੂ ਨੇ ਉਹ ਨੂੰ ਕਿਹਾ, "ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਹਲਣੇ ਹਨ ਪਰ ਮਨੁੱਖ ਦੇ ਪੁੱਤ੍ਰ ਦੇ ਸਿਰ ਧਰਨ ਨੂੰ ਥਾਂ ਨਹੀਂ।"**
**59 ਉਸ ਨੇ ਹੋਰ ਦੂਜੇ ਨੂੰ ਆਖਿਆ, "ਕਿ ਮੇਰੇ ਪਿੱਛੇ ਤੁਰ ਆ" ਪਰ ਉਹ ਨੇ ਕਿਹਾ, "ਪ੍ਰਭੂ ਜੀ, ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ।"**
**60 ਉਸ ਨੇ ਉਹ ਨੂੰ ਆਖਿਆ, "ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਪਰਮੇਸ਼ੁਰ ਦੇ ਰਾਜ ਦੀ ਖ਼ਬਰ ਸੁਣਾ।"**
**61 ਅਤੇ ਇੱਕ ਹੋਰ ਬੋਲਿਆ, "ਪ੍ਰਭੂ ਜੀ, ਮੈਂ ਤੁਹਾਡੇ ਲੜ ਲੱਗਾਂਗਾ ਪਰ ਪਹਿਲਾਂ ਮੈਨੂੰ ਆਗਿਆ ਦਿਓ ਜੋ ਆਪਣੇ ਘਰ ਦਿਆਂ ਲੋਕਾਂ ਤੋਂ ਵਿਦਿਆ ਹੋ ਆਵਾਂ।"**
**62 ਪਰ ਯਿਸੂ ਨੇ ਉਹ ਨੂੰ ਆਖਿਆ, "ਜੇ ਕੋਈ ਆਪਣਾ ਹੱਥ ਹਲ ਤੇ ਰੱਖ ਕੇ ਪਿਛਾਹਾਂ ਨੂੰ ਵੇਖੇ**

**ਤਾਂ ਉਹ ਪਰਮੇਸ਼ੁਰ ਦੇ ਰਾਜ ਦੇ ਯੋਗ ਨਹੀਂ।"**

ਯਿਸੂ ਜਿਸ ਚੀਜ਼ ਵੱਲ ਸਾਡਾ ਧਿਆਨ ਖਿੱਚ ਰਿਹਾ ਹੈ ਉਹ ਇਹ ਹੈ ਕਿ ਜਦੋਂ ਅਸੀਂ ਸਮਰਪਿਤ ਹੁੰਦੇ ਹਾਂ ਅਤੇ ਅਸੀਂ ਇੱਕ ਫੈਸਲਾ ਲਿਆ ਹੁੰਦਾ ਹੈ ਕਿ, "ਪ੍ਰਭੂ, ਮੈਂ ਤੁਹਾਡੇ ਪਿੱਛੇ ਚੱਲਾਂਗਾ," ਫਿਰ ਉਸ ਬਾਰੇ ਕੋਈ ਦੋ ਰਾਹ ਨਹੀਂ ਹਨ। ਯਿਸੂ ਮਸੀਹ ਪ੍ਰਤੀ ਸਾਡਾ ਸਮਰਪਣ ਸਾਨੂੰ ਦੁਨਿਆਵੀ ਗ਼ੁਲਾਮੀ ਤੋਂ ਵੱਖ ਕਰਦਾ ਹੈ ਅਤੇ ਸਾਨੂੰ ਉਸ ਨੂੰ ਵੇਖਣ ਦੇ ਯੋਗ ਬਣਾਉਂਦਾ ਹੈ। ਯਿਸੂ ਮਸੀਹ ਸਾਨੂੰ ਆਪਣੇ ਪਰਿਵਾਰਾਂ ਅਤੇ ਆਪਣੇ ਅਜ਼ੀਜ਼ਾਂ ਨੂੰ ਭੁੱਲਣ ਲਈ ਨਹੀਂ ਕਹਿ ਰਿਹਾ ਹੈ। ਇੱਥੇ ਗੱਲ ਇਹ ਹੈ ਕਿ ਜੋ ਵਿਅਕਤੀ ਸਮਰਪਿਤ ਹੁੰਦਾ ਹੈ ਕੇਂਦ੍ਰਿਤ ਰਹਿੰਦਾ ਹੈ। ਉਹ ਆਪਣੀਆਂ ਨਜ਼ਦੀਕੀ ਪਰਿਵਾਰਿਕ ਅਤੇ ਮਹੱਤਵਪੂਰਨ ਪਰਿਵਾਰਿਕ ਜ਼ਿੰਮੇਵਾਰੀਆਂ ਦੁਆਰਾ ਗੁੰਮਰਾਹ ਨਹੀਂ ਹੁੰਦਾ। ਇਹਨਾਂ ਵਿੱਚੋਂ ਕੋਈ ਵੀ ਉਸਨੂੰ ਪ੍ਰਭੂ ਯਿਸੂ ਮਸੀਹ ਦੇ ਸੱਦੇ ਦੀ ਪਾਲਣਾ ਕਰਨ ਤੋਂ ਗੁੰਮਰਾਹ ਨਹੀਂ ਕਰ ਸਕਦਾ ਹੈ।

# 2
# ਸਮਰਪਣ ਦਾ ਮੁੱਲ

ਸਮਰਪਣ ਦਾ ਕੀ ਮੁੱਲ ਹੈ? ਜਦੋਂ ਦੂਸਰੇ ਆਪਣੀ ਸਹੂਲਤ ਅਨੁਸਾਰ ਕੰਮ ਕਰ ਰਹੇ ਹਨ, ਤਾਂ ਤੁਸੀਂ ਅਤੇ ਮੈਂ ਵੱਖਰੇ ਹੋ ਕੇ ਸਮਰਪਿਤ ਕਿਉਂ ਹੋਈਏ? ਸਮਰਪਿਤ ਹੋਣ ਦੇ ਕੀ ਲਾਭ ਹਨ?

## ਬਲ, ਸਥਿਰਤਾ ਅਤੇ ਦ੍ਰਿੜ੍ਹਤਾ

ਸਮਰਪਿਤ ਹੋਣਾ ਤੁਹਾਡੇ ਜੀਵਨ ਵਿੱਚ ਬਲ, ਸਥਿਰਤਾ ਅਤੇ ਦ੍ਰਿੜ੍ਹਤਾ ਲਿਆਉਂਦਾ ਹੈ ਜੋ ਸਾਨੂੰ ਉਹਨਾਂ ਮੁਸ਼ਕਲ ਸਮਿਆਂ ਦੇ ਦੌਰਾਨ ਅਟੱਲ ਬਣਾ ਦੇਵੇਗਾ ਜਿਹੜੇ ਸਾਡੇ ਜੀਵਨ ਵਿਚ ਆ ਸਕਦੇ ਹਨ।

**ਯਾਕੂਬ 1:8**
**ਉਹ ਦੁਚਿੱਤਾ ਮਨੁੱਖ ਹੈ ਜਿਹੜਾ ਆਪਣਿਆਂ ਸਾਰਿਆਂ ਚਲਣਾਂ ਵਿੱਚ ਚੰਚਲ ਹੈ।**

ਵਿਸ਼ਵਾਸ ਨਾਲ ਪ੍ਰਾਰਥਨਾ ਕਰਨ ਦੀ ਸਿੱਖਿਆ ਦੇਣ ਤੋਂ ਬਾਅਦ, ਯਾਕੂਬ ਇੱਕ ਆਮ ਬਿਆਨ ਦੇ ਕੇ ਆਪਣੀ ਸਾਰੀ ਸਿੱਖਿਆ ਨੂੰ ਇੱਕ ਦੁਚਿੱਤੇ ਵਿਅਕਤੀ ਦੇ ਬਾਰੇ ਵਿੱਚ, ਕਹਿ ਕੇ ਸਮਾਪਤ ਕਰਦਾ ਹੈ। ਦੋ ਵਿਚਾਰਾਂ ਵਾਲਾ ਵਿਅਕਤੀ ਸਥਿਰ ਅਤੇ ਭਰੋਸੇਯੋਗ ਨਹੀਂ ਹੁੰਦਾ। ਫਿਰ ਵੀ ਇਸਦਾ ਉਲਟਾ ਸੱਚ ਵੀ ਹੈ। ਜਿਸਦਾ ਅਰਥ ਹੈ ਕਿ ਇੱਕ ਵਿਚਾਰ ਵਾਲਾ ਵਿਅਕਤੀ-ਉਹ ਵਿਅਕਤੀ ਹੈ ਜਿਸਨੇ ਇੱਕ ਕੰਮ ਕਰਨ ਲਈ “ਆਪਣਾ ਮਨ ਬਣਾਇਆ” ਹੈ। ਜੋ ਵਿਅਕਤੀ ਸਮਰਪਿਤ ਹੈ- ਉਹ ਸਥਿਰ ਅਤੇ ਅਟੱਲ ਹੈ।

## ਬਰਕਤਾਂ

ਜਿਹੜਾ ਵਿਅਕਤੀ ਸਮਰਪਿਤ ਹੈ ਉਹ ਉਸ ਵਿਅਕਤੀ ਦੀ ਤੁਲਨਾ ਵਿੱਚ ਜ਼ਿਆਦਾ ਲਾਭ ਅਤੇ ਬਰਕਤਾਂ ਪ੍ਰਾਪਤ ਕਰੇਗਾ ਅਤੇ ਉਨ੍ਹਾਂ ਦਾ ਆਨੰਦ ਮਾਣੇਗਾ ਜਿਹੜਾ ਸਮਰਪਿਤ ਨਹੀਂ ਹੈ।

**ਕਹਾਉਤਾਂ 28:20**
**ਸੱਚੇ ਪੁਰਸ਼ ਉੱਤੇ ਘਨੇਰੀਆਂ ਅਸੀਸਾਂ ਹੋਣਗੀਆਂ**

ਵਿਸ਼ਵਾਸਯੋਗ ਵਿਅਕਤੀ ਉਹ ਹੈ ਜੋ ਸਮਰਪਿਤ ਹੈ। ਉਸ ਦੇ ਪੂਰਨ ਦਿਲ ਦਾ ਸਮਰਪਣ ਉਸ ਨੂੰ ਵਫ਼ਾਦਾਰ ਬਣਾਉਂਦਾ ਹੈ। ਕੋਈ ਕੰਮ ਅੱਧੇ ਮਨ ਨਾਲ ਕਰਨ ਵਾਲੇ ਨੂੰ ਓਨਾ ਮਜ਼ਾ ਨਹੀਂ ਆਉਂਦਾ ਜਿੰਨਾ ਉਹੀ ਕੰਮ ਪੂਰੇ ਦਿਲ ਨਾਲ ਕਰਨ ਵਾਲੇ ਨੂੰ ਆਉਂਦਾ ਹੈ। ਜੋ ਵਿਅਕਤੀ ਇਸ ਕੰਮ ਨੂੰ ਪੂਰੇ ਦਿਲ ਨਾਲ ਕਰਦਾ ਹੈ, ਉਹ ਯਕੀਨੀ ਤੌਰ ‘ਤੇ ਬਿਹਤਰ ਕੰਮ ਕਰੇਗਾ ਅਤੇ ਉਸ ਨੂੰ ਵਧੀਆ ਫਲ ਮਿਲੇਗਾ।

ਆਪਣੇ ਭੌਤਿਕ ਸਰੀਰ ਬਾਰੇ ਸੋਚੋ। ਪਰਮੇਸ਼ੁਰ ਨੇ ਸਰੀਰ ਦੇ ਅੰਗਾਂ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਉਹ ਸਭ ਮਿਲ ਕੇ ਸਰੀਰ ਦਾ ਕੰਮ ਕਰਦੇ ਹਨ। ਤੁਹਾਡਾ ਹੱਥ ਅਜਿਹਾ ਨਹੀਂ ਹੈ ਕਿ ਅੱਜ ਤੇਰੇ ਸਰੀਰ ਵਿੱਚ ਹੈ ਤੇ ਕੱਲ੍ਹ ਨੂੰ ਜਾ ਕੇ ਕਿਸੇ ਦੂਸਰੇ ਦੇ ਸਰੀਰ ਵਿੱਚ ਜਾ ਲੱਗੇਗਾ। ਨਾ ਹੀ ਅੱਜ ਤੁਹਾਡੇ ਸਰੀਰ ਵਿੱਚ ਤੁਹਾਡਾ ਦਿਲ ਧੜਕਦਾ ਹੈ ਅਤੇ ਕੱਲ੍ਹ ਨੂੰ ਉਹੀ ਕਿਸੇ ਦੂਸਰੇ ਦੇ ਸਰੀਰ ਵਿੱਚ ਧੜਕੇਗਾ। ਜੇਕਰ ਪਰਮੇਸ਼ੁਰ ਨੇ ਸਾਡੇ ਸਰੀਰ ਦੇ ਅੰਗਾਂ ਨੂੰ ਵੱਖਰਾ ਅਤੇ ਸਵੈ-ਨਿਰਭਰ ਬਣਾਇਆ ਹੁੰਦਾ ਤਾਂ ਸਾਡੇ ਸਰੀਰ ਦੇ ਅੰਗ ਜਿਵੇਂ-ਦਿਲ, ਫੇਫੜੇ, ਹੱਥ, ਅੱਖਾਂ-ਆਦਿ ਘੁੰਮਦੇ ਹੋਏ ਪਾਏ ਜਾਣੇ ਸਨ। ਕਈ ਵਾਰ ਇਹ ਹਿੱਸੇ ਆਪਸ ਵਿੱਚ ਜੁੜ ਜਾਣੇ ਸਨ ਅਤੇ ਉਸ ਤੋਂ ਬਾਅਦ ਵੱਖ ਹੋ ਜਾਣੇ ਸਨ। ਇਹ ਅਜੀਬ ਗੱਲ ਹੁੰਦੀ ਹੈ। ਪਰ ਪਰਮੇਸ਼ੁਰ ਦਾ ਸ਼ੁਕਰ ਹੈ ਕਿ ਉਸਨੇ ਸਾਡੇ ਸਰੀਰ ਨੂੰ ਇਸ ਤਰ੍ਹਾਂ ਨਹੀਂ ਬਣਾਇਆ। ਭਾਵੇਂ ਡਾਕਟਰੀ ਵਿਗਿਆਨ ਨੇ ਸਰੀਰ ਦੇ ਕੁਝ ਅੰਗਾਂ ਨੂੰ ਨਵਾਂ ਬਣਾਉਣ ਲਈ ਹਰ ਕੋਸ਼ਿਸ਼ ਕੀਤੀ ਹੈ, ਪਰ ਆਮ ਨਿਯਮ ਇਹ ਹੈ ਕਿ ਤੁਹਾਡੇ ਸਰੀਰ ਦਾ ਹਰ ਅੰਗ ਤੁਹਾਡੇ ਸਰੀਰ ਨੂੰ “ਸਮਰਪਿਤ” ਹੁੰਦਾ ਹੈ ਅਤੇ ਤਦ ਹੀ ਉਹ ਤੁਹਾਡੇ ਸਰੀਰ ਨਾਲ ਜੁੜੇ ਹੁੰਦੇ ਹਨ ਅਤੇ ਉਹ ਸਹੀ ਢੰਗ ਨਾਲ ਕੰਮ ਕਰਦੇ ਹਨ। ਇਕੱਠੇ ਮਿਲ ਕੇ, ਤੁਹਾਡਾ ਸਰੀਰ ਬਹੁਤ ਕੁਝ ਕਰਨ ਦੇ ਯੋਗ ਹੈ।

ਸਾਡਾ ਭੌਤਿਕ ਸਰੀਰ ਸਥਾਨਕ ਕਲੀਸਿਆ ਨੂੰ ਇੱਕ “ਸੰਦੇਸ਼” ਦਿੰਦਾ ਹੈ, ਜੋ ਮਸੀਹ ਦੇ ਪੂਰੇ ਸਰੀਰ ਦਾ ਇੱਕ ਹਿੱਸਾ ਹੈ। ਜਦੋਂ ਅਸੀਂ ਸਥਾਨਕ ਕਲੀਸਿਆ ਬਾਰੇ ਸੋਚਦੇ ਹਾਂ, ਤਾਂ ਇਹ ਇੱਕ ਸਧਾਰਨ ਗੱਲ ਹੈ, ਕਿ ਅਸੀਂ ਦੇਖਦੇ ਹਾਂ ਕਿ ਲੋਕ ਇੱਕ ਕਲੀਸਿਆ ਤੋਂ ਦੂਜੀ ਕਲੀਸਿਆ ਵੱਲ ਭੱਜਦੇ ਹਨ। ਇਹ ਉਹ ਤਰੀਕਾ ਨਹੀਂ ਹੈ ਜਿਸ ਤਰ੍ਹਾਂ ਪਰਮੇਸ਼ੁਰ ਚਾਹੁੰਦਾ ਹੈ ਕਿ ਉਸਦੇ ਲੋਕ ਆਪਣੇ

ਮਸੀਹੀ ਜੀਵਨ ਨੂੰ ਜੀਉਣ। ਹਰ ਮਸੀਹੀ ਨੂੰ ਇੱਕ ਸਥਾਨਕ ਕਲੀਸਿਆ ਲਈ ਸਮਰਪਿਤ ਹੋਣ ਦੀ ਲੋੜ ਹੈ। ਜਿੱਥੇ ਉਹ ਮੰਨਦਾ ਹੈ ਕਿ ਪ੍ਰਭੂ ਉਸ ਨੂੰ ਉੱਥੇ ਲੈ ਕੇ ਆਇਆ ਹੈ। ਸਾਨੂੰ ਸਥਾਨਕ ਮਸੀਹੀ ਕਲੀਸਿਆ ਲਈ ਸਮਰਪਿਤ ਹੋਣਾ ਚਾਹੀਦਾ ਹੈ ਜਿੱਥੇ ਪਰਮੇਸ਼ੁਰ ਨੇ ਸਾਨੂੰ ਰੱਖਿਆ ਹੈ। ਕੇਵਲ ਤਦ ਹੀ ਅਸੀਂ ਪੂਰੀਆਂ ਬਰਕਤਾਂ ਦਾ ਤਜ਼ਰਬਾ ਪ੍ਰਾਪਤ ਕਰ ਸਕਾਂਗੇ ਜਦੋਂ ਅਸੀਂ ਸਥਾਨਕ ਕਲੀਸਿਆ ਦੇ ਪ੍ਰਤੀ ਵਫ਼ਾਦਾਰ ਹੁੰਦੇ ਹਾਂ। ਜਿਹੜੇ ਲੋਕ ਇੱਧਰ-ਉੱਧਰ ਭਟਕਦੇ ਫਿਰਦੇ ਹਨ, ਉਨ੍ਹਾਂ ਨੂੰ ਕੋਈ ਬਹੁਤਾ ਲਾਭ ਨਹੀਂ ਮਿਲਦਾ ਅਤੇ ਉਹ ਕੋਈ ਕੰਮ ਕਰਨ ਵਿੱਚ ਸਹਾਈ ਨਹੀਂ ਹੁੰਦੇ!

ਅਸੀਂ ਲੰਬੇ ਸਮੇਂ ਵਿੱਚ ਬਰਕਤਾਂ ਅਤੇ ਲਾਭਾਂ ਦਾ ਆਨੰਦ ਉਦੋਂ ਹੀ ਮਾਣ ਸਕਾਂਗੇ ਜਦੋਂ ਅਸੀਂ ਸਮਰਪਿਤ ਹੋਵਾਂਗੇ। ਸਾਡੇ ਵਿੱਚੋਂ ਬਹੁਤ ਸਾਰੇ ਐਤਵਾਰ ਦੀ ਸਵੇਰ ਨੂੰ ਮਨੋਰੰਜਨ ਚਾਹੁੰਦੇ ਹਨ ਅਤੇ ਇਸ ਲਈ ਅਸੀਂ ਇੱਕ ਕਲੀਸਿਆ ਤੋਂ ਦੂਸਰੀ ਕਲੀਸਿਆ ਤੱਕ ਦੌੜਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਪਾਸਟਰ ਉਹੀ ਪ੍ਰਚਾਰ ਕਰੇ ਜੋ ਅਸੀਂ ਸੁਣਨਾ ਚਾਹੁੰਦੇ ਹਾਂ। ਪਰ ਜੇ ਪਾਸਟਰ ਪਰਮੇਸ਼ੁਰ ਦੇ ਵਚਨ ਵਿੱਚੋਂ-ਕੁਝ ਅਜਿਹਾ ਪ੍ਰਚਾਰ ਕਰਦਾ ਹੈ ਜੋ ਅਸੀਂ ਸੁਣਨਾ ਨਹੀਂ ਚਾਹੁੰਦੇ-ਤਾਂ ਸਾਡਾ ਸਮਰਪਣ ਖਿੜਕੀ ਤੋਂ ਬਾਹਰ ਚਲਾ ਜਾਂਦਾ ਹੈ ਅਤੇ ਅਸੀਂ ਦਰਵਾਜ਼ੇ ਤੋਂ ਬਾਹਰ ਹੋ ਜਾਂਦੇ ਹਾਂ! ਜੇਕਰ ਅਸੀਂ ਲੰਬੇ ਸਮੇਂ ਦੇ ਲਾਭ ਅਤੇ ਅਸੀਸਾਂ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਥਾਨਕ ਕਲੀਸਿਆ ਲਈ ਸਮਰਪਿਤ ਹੋਣਾ ਚਾਹੀਦਾ ਹੈ ਅਤੇ ਉੱਥੇ ਹੀ ਕੰਮ ਕਰਨਾ ਅਤੇ ਸੇਵਾ ਕਰਨੀ ਚਾਹੀਦੀ ਹੈ।

## ਇਨਾਮ

**ਇਬਰਾਨੀਆਂ 11:6**
**ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ, ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ।**

ਸਾਨੂੰ ਉਸਦੀ ਸਚਾਈ ਨਾਲ ਖੋਜ ਕਰਨੀ ਚਾਹੀਦੀ ਹੈ। ਪਰਮੇਸ਼ੁਰ ਨੂੰ ਭਾਲਣਾ ਹੀ ਸਮਰਪਣ ਹੈ। ਕੀ ਅਸੀਂ ਸੱਚਮੁੱਚ ਪਰਮੇਸ਼ੁਰ ਨੂੰ ਲੱਭਦੇ ਹਾਂ ਜਾਂ ਸਿਰਫ਼ ਉਦੋਂ ਹੀ ਜਦੋਂ ਸਾਡੇ ਕੋਲ ਖਾਲੀ ਸਮਾਂ ਹੁੰਦਾ ਹੈ? ਕੀ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨ ਅਤੇ ਪ੍ਰਾਰਥਨਾ ਕਰਨ ਵਿੱਚ ਸਮਾਂ ਬਿਤਾਉਣ ਲਈ ਸਮਰਪਿਤ ਹਾਂ? ਜਾਂ ਕੀ ਅਸੀਂ ਪਰਮੇਸ਼ੁਰ ਨੂੰ ਉਦੋਂ ਹੀ ਲੱਭਦੇ ਹਾਂ ਜਦੋਂ ਸਮਾਂ ਇਜਾਜ਼ਤ ਦਿੰਦਾ ਹੈ? ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਇਨਾਮ ਦਿੰਦਾ ਹੈ ਜੋ

ਉਸ ਨੂੰ ਦਿਲੋਂ ਭਾਲਦੇ ਹਨ, ਨਾ ਕਿ ਉਨ੍ਹਾਂ ਨੂੰ ਜੋ ਆਪਣੀ ਸਹੂਲਤ ਅਨੁਸਾਰ ਉਸ ਨੂੰ ਭਾਲਦੇ ਹਨ। ਸਮਰਪਿਤ ਹੋਣ ਦਾ ਇੱਕ ਪ੍ਰਤੀਫਲ ਹੈ। ਸਮਰਪਣ ਕਰਨ ਵਾਲਾ ਵਿਅਕਤੀ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਇਨਾਮਾਂ ਦਾ ਤਜ਼ਰਬਾ ਕਰਦਾ ਹੈ।

## ਵਿਕਾਸ

**1 ਤਿਮੋਥਿਉਸ 4:15ਅ**
**ਇਨ੍ਹਾਂ ਵਿੱਚ ਲੱਗਾ ਰਹੁ ਭਈ ਤੇਰੀ ਤਰੱਕੀ ਸਭਨਾਂ ਉੱਤੇ ਪ੍ਰਗਟ ਹੋਵੇ।**

ਜੋ ਵਿਅਕਤੀ ਸਮਰਪਿਤ ਹੈ ਉਹ ਤਰੱਕੀ ਕਰੇਗਾ। ਪੌਲੁਸ ਤਿਮੋਥਿਉਸ ਨਾਂ ਦੇ ਨੌਜਵਾਨ ਨੂੰ ਪਰਮੇਸ਼ੁਰ ਦਾ ਸੇਵਕ ਬਣਨ ਬਾਰੇ ਸਲਾਹ ਦੇ ਰਿਹਾ ਹੈ ਕਿ ਉਹ ਇਹਨਾਂ ਹਿਦਾਇਤਾਂ ਦੀ ਪਾਲਣਾ ਅਧੂਰੇ ਮਨ ਭਾਵ ਸਹੂਲਤ ਅਨੁਸਾਰ ਨਾ ਕਰੇ, ਸਗੋਂ ਉਹਨਾਂ ਗੱਲਾਂ ਉੱਤੇ ਪੂਰਾ ਧਿਆਨ ਲਗਾਵੇ ਜੋ ਉਸ ਨੂੰ ਸਿਖਾਈਆਂ ਗਈਆਂ ਸਨ। ਜੇ ਉਹ ਅਜਿਹਾ ਕਰਦਾ ਹੈ, ਤਾਂ ਉਸ ਦਾ ਉੱਨਤੀ, ਪਰਿਪੱਕਤਾ, ਵਿਕਾਸ ਅਤੇ ਉਸ ਦੀ ਤਰੱਕੀ ਸਾਰੇ ਮਨੁੱਖਾਂ ਨੂੰ ਦਿਖਾਈ ਦੇਵੇਗੀ।

ਅਸੀਂ ਇਸ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਵੀ ਲਾਗੂ ਕਰ ਸਕਦੇ ਹਾਂ। ਸਾਨੂੰ ਪਰਮੇਸ਼ੁਰ ਦੇ ਸੇਵਕ ਹੋਣ ਦੇ ਲਈ ਸਮਰਪਿਤ ਹੋਣਾ ਚਾਹੀਦਾ ਹੈ, ਵਾਢੀ ਵੱਢਣ ਲਈ ਸਮਰਪਿਤ ਹੋਣਾ ਚਾਹੀਦਾ ਹੈ, ਵਿਸ਼ਵਾਸੀਆਂ ਲਈ ਉਦਾਹਰਨ ਬਣਨ ਲਈ ਸਮਰਪਿਤ ਹੋਣਾ ਚਾਹੀਦਾ ਹੈ, ਕਲੀਸਿਆ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਲਈ ਸਮਰਪਿਤ ਹੋਣਾ ਚਾਹੀਦਾ ਹੈ। ਜਦੋਂ ਅਸੀਂ ਸਮਰਪਿਤ ਹੁੰਦੇ ਹਾਂ, ਸਾਡੀ ਤਰੱਕੀ ਪ੍ਰਗਟ ਹੋਵੇਗੀ। ਜਿਹੜਾ ਵਿਅਕਤੀ ਅੱਧੇ ਮਨ ਨਾਲ ਕੰਮ ਕਰਦਾ ਹੈ ਉਹ ਹੁਣ ਜਿੱਥੇ ਹੈ ਉੱਥੇ ਹੀ ਰਹੇਗਾ। ਜਦੋਂ ਅਸੀਂ ਆਪਣੇ ਆਪ ਨੂੰ-ਆਤਮਾ, ਪ੍ਰਾਣ ਅਤੇ ਸਰੀਰ-ਨਾਲ ਉਸ ਕੰਮ ਲਈ ਸਮਰਪਿਤ ਕਰਾਂਗੇ ਜੋ ਸਾਡੇ ਸਾਹਮਣੇ ਹੈ, ਤਦ ਹੀ ਅਸੀਂ ਤਰੱਕੀ ਕਰਾਂਗੇ ਅਤੇ ਲੋਕ ਇਸਨੂੰ ਵੇਖਣਗੇ।

# 3
# ਕੀ ਤੁਸੀਂ ਸਮਰਪਿਤ ਹੋ?

ਜੇ ਕੋਈ ਸਾਨੂੰ ਸਾਡੇ ਸਮਰਪਣ ਬਾਰੇ ਪੁੱਛੇ, ਤਾਂ ਅਸੀਂ ਸ਼ਾਇਦ ਇਹ ਕਹਿਣ ਲਈ ਕਾਹਲੇ ਹੋਵਾਂਗੇ ਕਿ ਅਸੀਂ ਹਾਂ। ਸ਼ਾਇਦ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਸਾਡੇ ਸਮਰਪਣ ਉੱਤੇ ਹੋਰ ਰੌਸ਼ਨੀ ਪਾਉਣਗੇ।

- ਕੀ ਤੁਸੀਂ ਇੱਕ ਸਮਰਪਿਤ ਵਿਅਕਤੀ ਹੋ ਜਾਂ ਕੀ ਤੁਸੀਂ ਸਹੂਲਤਾਂ ਅਨੁਸਾਰ ਰਹਿੰਦੇ ਹੋ?
- ਕੀ ਅਸੀਂ ਸਹੀ ਕੰਮ ਕਰਨ ਲਈ ਸਮਰਪਿਤ ਹਾਂ? ਕੀ ਅਸੀਂ ਧਾਰਮਿਕਤਾ ਦਾ ਕੰਮ ਕਰਨ ਲਈ ਸਮਰਪਿਤ ਹਾਂ, ਹਰ ਜਗ੍ਹਾ ਅਤੇ ਹਰ ਹਾਲਤ ਵਿੱਚ ਹਮੇਸ਼ਾਂ ਸਹੀ ਕੰਮ ਕਰਨ ਲਈ ਸਮਰਪਿਤ ਹਾਂ ਜਾਂ ਕੀ ਅਸੀਂ ਸਮਝੌਤਾ ਕਰਦੇ ਹਾਂ ਅਤੇ ਆਪਣੀ ਹਾਲਤ ਨੂੰ ਅਨੁਕੂਲ ਬਣਾਉਣ ਲਈ ਬਦਲਦੇ ਹਾਂ?
- ਕੀ ਅਸੀਂ ਪ੍ਰਭੂ ਯਿਸੂ ਮਸੀਹ, ਆਪਣੀ ਸਥਾਨਕ ਕਲੀਸਿਆ ਅਤੇ ਮਸੀਹ ਦੇ ਸਰੀਰ ਲਈ ਸਮਰਪਿਤ ਹਾਂ?
- ਕੀ ਅਸੀਂ ਆਪਣੇ ਜੀਵਨ ਸਾਥੀ, ਵਿਆਹ ਅਤੇ ਪਰਿਵਾਰ ਲਈ ਸਮਰਪਿਤ ਹਾਂ? ਕੀ ਅਸੀਂ ਆਪਣੇ ਜੀਵਨ ਸਾਥੀ ਨੂੰ ਹਾਲਾਤ "ਚੰਗੇ ਹੋਣ" ਜਾਂ "ਬੁਰੇ ਹੋਣ" ਵਿੱਚ ਪਿਆਰ ਕਰਾਂਗੇ।
- ਕੀ ਅਸੀਂ ਆਪਣੀ ਸੁੱਖਣਾ ਦੇ ਲਈ ਉਸ ਪ੍ਰਤੀ ਸਮਰਪਿਤ ਹਾਂ?
- ਕੀ ਅਸੀਂ ਆਪਣੇ ਕੰਮ ਦੇ ਸਥਾਨ, ਆਪਣੇ ਅਧਿਕਾਰੀ, ਸਾਡੇ ਸਹਿ-ਕਰਮਚਾਰੀਆਂ ਅਤੇ ਆਪਣੇ ਦੋਸਤਾਂ ਲਈ ਸਮਰਪਿਤ ਹਾਂ?
- ਕੀ ਅਸੀਂ ਪਰਮੇਸ਼ੁਰ ਨਾਲ ਸਮਾਂ ਬਿਤਾਉਣ ਲਈ ਸਮਰਪਿਤ ਹਾਂ?

ਪ੍ਰਭੂ ਯਿਸੂ ਮਸੀਹ ਪ੍ਰਤੀ ਸਾਡਾ ਸਮਰਪਿਤ ਹੋਣਾ ਕਿੰਨਾ ਡੂੰਘਾ ਹੈ? ਪ੍ਰਭੂ ਯਿਸੂ ਨੇ ਕਿਹਾ, *"ਅਤੇ ਮੇਰੇ ਨਾਮ ਦੇ ਕਾਰਨ ਹਰ ਕੋਈ ਤੁਹਾਨੂੰ ਨਫ਼ਰਤ ਕਰੇਗਾ,*

*ਪਰ ਜਿਹੜਾ ਅੰਤ ਤੱਕ ਸਹੇਗਾ ਉਹ ਬਚਾਇਆ ਜਾਵੇਗਾ"* (ਮੱਤੀ 10:22)। ਕੀ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਸਿਰਫ਼ ਉਦੋਂ ਹੀ ਸਮਰਪਿਤ ਹੁੰਦੇ ਹਾਂ ਜਦੋਂ ਇਹ ਸਾਡੇ ਲਈ ਸੁਵਿਧਾਜਨਕ ਅਤੇ ਅਸਾਨ ਹੋਵੇ ਜਾਂ ਕੀ ਅਸੀਂ ਅੰਤ ਤੱਕ ਉਸ ਦੇ ਪਿੱਛੇ ਚੱਲਣ ਲਈ ਸਮਰਪਿਤ ਹਾਂ ਭਾਵੇਂ ਲੋਕ ਸਾਡੇ ਨਾਲ ਵੈਰ ਕਰਦੇ ਹਨ? ਮਸੀਹ ਪ੍ਰਤੀ ਸਾਡਾ ਸਮਰਪਣ ਕਿੰਨਾ ਡੂੰਘਾ ਹੈ?

ਸਾਡੀ ਸਥਾਨਕ ਕਲੀਸਿਆ ਲਈ ਸਾਡਾ ਸਮਰਪਣ ਕੀ ਹੈ? ਕੀ ਅਸੀਂ ਆਪਣੀ ਸਥਾਨਕ ਕਲੀਸਿਆ ਲਈ ਉਦੋਂ ਹੀ ਸਮਰਪਿਤ ਹਾਂ ਜਦੋਂ ਸਭ ਕੁਝ ਅਸਾਨ ਹੁੰਦਾ ਹੈ-ਚੰਗੇ ਸੰਗੀਤ ਅਤੇ ਚੰਗੇ ਸੰਦੇਸ਼ਾਂ ਨੂੰ ਸੁਣਨਾ ਜਾਂ ਕੀ ਅਸੀਂ ਉਦੋਂ ਸਮਰਪਿਤ ਹੁੰਦੇ ਹਾਂ ਜਦੋਂ ਕਲੀਸਿਆ ਤੂਫ਼ਾਨਾਂ ਵਿੱਚੋਂ ਲੰਘ ਰਹੀ ਹੁੰਦੀ ਹੈ? ਕੀ ਅਸੀਂ ਅਜੇ ਵੀ ਉਸਦੇ ਨਾਲ ਰਹਾਂਗੇ? ਜਾਂ ਕੀ ਅਸੀਂ ਕਿਸੇ ਦੂਸਰੀ ਕਲੀਸਿਆ ਦੀ ਭਾਲ ਸ਼ੁਰੂ ਕਰ ਦੇਵਾਂਗੇ?

ਆਲ ਪੀਪਲਜ਼ ਚਰਚ ਵਿਖੇ ਅਸੀਂ ਸਾਰੇ ਬਾਹਰ ਜਾਣ ਅਤੇ ਯਿਸੂ ਮਸੀਹ ਦੀ ਖੁਸ਼ਖਬਰੀ ਨੂੰ ਸਾਂਝਾ ਕਰਨ ਲਈ ਸਮਰਪਿਤ ਹਾਂ। ਜਦੋਂ ਅਸੀਂ ਬਾਹਰ ਜਾ ਕੇ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹਾਂ, ਤਾਂ ਯਕੀਨਨ ਲੋਕਾਂ ਦਾ ਧਿਆਨ ਸਾਡੇ ਵੱਲ ਖਿੱਚਿਆ ਜਾਵੇਗਾ। ਸਾਨੂੰ ਜ਼ੁਲਮ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਕੀ ਅਸੀਂ ਉਦੋਂ ਵੀ ਸਥਾਨਕ ਕਲੀਸਿਆ ਵਿੱਚ ਰਹਾਂਗੇ ਜਦੋਂ ਇਸ ਨੂੰ ਸਤਾਇਆ ਜਾ ਰਿਹਾ ਹੈ ਜਾਂ ਕਿਤੇ ਹੋਰ ਜਾਵਾਂਗੇ? ਕੀ ਅਸੀਂ ਕਹਾਂਗੇ, "ਪ੍ਰਭੂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਂ ਇਸ ਸਰੀਰ ਦਾ ਅੰਗ ਹਾਂ। ਜੇ ਇਹ ਸਰੀਰ ਤੜਫ ਰਿਹਾ ਹੈ, ਫਿਰ ਵੀ ਮੈਂ ਇਸ ਵਿੱਚ ਸਮਰਪਿਤ ਰਹਾਂਗਾ ਅਤੇ ਜੋ ਵੀ ਸਾਡੇ ਰਾਹ ਵਿੱਚ ਆਵੇਗਾ ਉਸਦਾ ਸਾਹਮਣਾ ਕਰਾਂਗਾ"?। ਜੇ ਤੁਸੀਂ ਇੱਕ ਅਜਿਹੀ ਸਥਾਨਕ ਕਲੀਸਿਆ ਦੀ ਭਾਲ ਕਰ ਰਹੇ ਹੋ ਜਿੱਥੇ ਸਭ ਕੁਝ ਠੀਕ ਚੱਲ ਰਿਹਾ ਹੈ, ਅਰਾਮਦਾਈਕ ਹੈ, ਜਿਸ ਨੇ ਕਦੇ ਵੀ ਸਤਾਓ ਦਾ ਸਾਹਮਣਾ ਨਹੀਂ ਕੀਤਾ ਹੈ ਤਾਂ ਆਲ ਪੀਪਲਜ਼ ਚਰਚ ਤੁਹਾਡੇ ਲਈ ਨਹੀਂ ਹੈ। ਪਰ ਜੇ ਤੁਸੀਂ ਕਿਸੇ ਅਜਿਹੇ ਸਰੀਰ ਦੀ ਤਲਾਸ਼ ਕਰ ਰਹੇ ਹੋ ਜੋ ਬਿਨ੍ਹਾਂ ਝਿਜਕ ਯਿਸੂ ਦਾ ਪ੍ਰਚਾਰ ਕਰੇ, ਜੋ ਕਿ ਸਤਾਇਆ ਜਾਵੇਗਾ ਅਤੇ ਜੇ ਤੁਸੀਂ ਇੱਕ ਅਜਿਹੀ ਕਲੀਸਿਆ ਦੀ ਭਾਲ ਕਰ ਰਹੇ ਹੋ ਜਿੱਥੇ ਤੁਸੀਂ ਯਿਸੂ ਮਸੀਹ ਦੇ ਨਾਮ ਲਈ ਕੁਝ ਦੁੱਖ ਝੱਲ ਸਕਦੇ ਹੋ, ਤਾਂ ਆਲ ਪੀਪਲਜ਼ ਚਰਚ ਵਿੱਚ ਤੁਹਾਡਾ ਸੁਆਗਤ ਹੈ!

ਪਰਮੇਸ਼ੁਰ ਨੇ ਸਾਨੂੰ ਬਾਹਰ ਜਾਣ ਅਤੇ ਖੁਸ਼ਖਬਰੀ ਦਾ ਪ੍ਰਚਾਰ ਕਰਨ ਦਾ

ਹੁਕਮ ਦਿੱਤਾ ਹੈ, ਤਾਂ ਜੋ ਲੋਕਾਂ ਨੂੰ ਹਨੇਰੇ ਵਿੱਚੋਂ ਬਾਹਰ ਕੱਢ ਕੇ ਉਸਦੇ ਮਹਾਨ ਪ੍ਰਕਾਸ਼ ਵਿੱਚ ਲਿਆਂਦਾ ਜਾ ਸਕੇ। ਜਦੋਂ ਅਸੀਂ ਇਹ ਕਰਦੇ ਹਾਂ ਤਾਂ ਸ਼ੈਤਾਨ ਸ਼ਾਂਤ ਨਹੀਂ ਬੈਠਦਾ। ਪਰ ਇਹ ਸਮਰਪਣ ਹੈ ਕਿ "ਮੈਂ ਇਸ ਸਥਾਨਕ ਕਲੀਸਿਆ ਦਾ ਹਿੱਸਾ ਹਾਂ ਅਤੇ ਜੇ ਸਾਨੂੰ ਸਤਾਇਆ ਜਾਂਦਾ ਹੈ ਤਾਂ ਅਸੀਂ ਇਸਦਾ ਸਾਹਮਣਾ ਕਰਾਂਗੇ ਅਤੇ ਜੇਤੂ ਹੋਵਾਂਗੇ।" ਇਹ ਸਾਡਾ ਸਮਰਪਿਤ ਹੋਣਾ ਚਾਹੀਦਾ ਹੈ। ਅਸੀਂ ਉਸ ਦਰਸ਼ਨ ਲਈ ਸਮਰਪਣ ਹਾਂ ਜੋ ਪਰਮੇਸ਼ੁਰ ਨੇ ਸਾਨੂੰ ਇੱਕ ਕਲੀਸਿਆ ਵਜੋਂ ਦਿੱਤਾ ਹੈ।

ਕੀ ਅਸੀਂ ਸਥਾਨਕ ਕਲੀਸਿਆ ਦੇ ਦੂਜੇ ਮੈਂਬਰਾਂ ਲਈ ਸਮਰਪਿਤ ਹਾਂ? ਕੀ ਅਸੀਂ ਇੱਕ ਦੂਜੇ ਦੀ ਪਰਵਾਹ ਕਰਦੇ ਹਾਂ? ਕੀ ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ?

ਕੀ ਅਸੀਂ ਸਾਡੇ ਸ਼ਹਿਰ ਵਿੱਚ ਮਸੀਹ ਦੇ ਸਰੀਰ ਲਈ ਸਮਰਪਿਤ ਹਾਂ? ਜੇ ਅਸੀਂ ਉਨ੍ਹਾਂ ਕਲੀਸਿਆਵਾਂ ਲਈ ਸਮਰਪਿਤ ਹਾਂ ਜੋ ਸਾਡੇ ਸ਼ਹਿਰ ਵਿੱਚ ਹਨ, ਤਾਂ ਅਸੀਂ ਉਨ੍ਹਾਂ ਪਾਸਟਰਾਂ ਅਤੇ ਸੇਵਕਾਈਆਂ ਬਾਰੇ ਬੁਰਾ ਬੋਲਣ ਤੋਂ ਝਿਜਕਦੇ ਹਾਂ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਉਠਾਇਆ ਹੈ। ਅਸੀਂ ਹਮੇਸ਼ਾਂ ਉਨ੍ਹਾਂ ਦੀ ਤੰਦਰੁਸਤੀ ਅਤੇ ਖੁਸ਼ਹਾਲੀ ਦੀ ਕਾਮਨਾ ਕਰਾਂਗੇ। ਜੇ ਉਹਨਾਂ ਵਿੱਚੋਂ ਕੋਈ ਡਿੱਗਦਾ ਹੈ। ਜੇ ਉਹ ਝੁਕਦੇ ਹਨ ਅਤੇ ਗ਼ਲਤੀਆਂ ਕਰਦੇ ਹਨ, ਤਾਂ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਾਂਗੇ ਅਤੇ ਉਨ੍ਹਾਂ ਨੂੰ ਰੱਦਾਂਗੇ ਨਹੀਂ।

ਕੀ ਅਸੀਂ ਆਪਣੀਆਂ ਜ਼ਿੰਦਗੀਆਂ ਦੇ ਲਈ ਪਰਮੇਸ਼ੁਰ ਦੇ ਸੁਪਨਿਆਂ, ਦਰਸ਼ਨਾਂ ਅਤੇ ਦੇ ਸੱਦੇ ਦੇ ਪ੍ਰਤੀ ਸਮਰਪਿਤ ਹਾਂ? ਬਾਈਬਲ ਸਾਨੂੰ ਦੱਸਦੀ ਹੈ, *"ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ ਇਸਥਿਰ ਅਤੇ ਅਡੋਲ ਹੋਵੋ ਅਤੇ ਪ੍ਰਭੂ ਦੇ ਕੰਮ ਵਿੱਚ ਸਦਾ ਵੱਧਦੇ ਜਾਉ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੂ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ"* (1 ਕੁਰਿੰਥੀਆਂ 15:58)। ਹਮੇਸ਼ਾਂ ਪ੍ਰਭੂ ਦੇ ਕੰਮ ਵਿੱਚ ਸਮਰਪਿਤ ਰਹੋ ਕਿਉਂਕਿ ਤੁਸੀਂ ਜਾਣਦੇ ਹੋ ਕਿ ਪ੍ਰਭੂ ਵਿੱਚ ਤੁਹਾਡੀ ਮਿਹਨਤ ਵਿਅਰਥ ਨਹੀਂ ਜਾਂਦੀ।

**ਪਰਕਾਸ਼ ਦੀ ਪੋਥੀ 3:15,16**
**15 ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ ਭਈ ਤੂੰ ਨਾ ਤਾਂ ਠੰਡਾ ਹੈਂ ਨਾ ਤੱਤਾ। ਮੈਂ ਚਾਹੁੰਦਾ ਸਾਂ ਜੋ ਤੂੰ ਠੰਡਾ ਜਾਂ ਤੱਤਾ ਹੁੰਦਾ!**

**[16] ਸੋ ਤੂੰ ਸੀਲਗਰਮ ਜੋ ਹੈਂ, ਨਾ ਤੱਤਾ ਨਾ ਠੰਡਾ, ਇਸ ਕਾਰਨ ਮੈਂ ਤੈਨੂੰ ਆਪਣੇ ਮੂੰਹ ਵਿੱਚੋਂ ਉਗਲ ਸੁੱਟਾਂਗਾ।**

ਸਾਨੂੰ ਲਾਲ ਅਤੇ ਗਰਮ ਸਮਰਪਣ ਦੀ ਲੋੜ ਹੈ। ਇਹ ਕਾਫੀ ਨਹੀਂ ਹੈ ਕਿ ਥੋੜ੍ਹਾ ਬਹੁਤਾ ਕੰਮ ਚੱਲਦਾ ਰਹੇ ਜੇ ਸਾਡਾ ਸਮਰਪਣ ਯਿਸੂ ਦੇ ਪ੍ਰਤੀ ਸੀਲਗਰਮ ਹੈ। ਸਾਡੇ ਸਭ ਤੋਂ ਵਧੀਆ ਪ੍ਰੋਗਰਾਮ ਵਿਅਰਥ ਹਨ ਜੇ ਉਨ੍ਹਾਂ ਦਾ ਜਨਮ ਯਿਸੂ ਮਸੀਹ ਦੇ ਪ੍ਰਤੀ ਲਾਲ ਅਤੇ ਗਰਮ ਸਮਰਪਣ ਨਾਲ ਨਹੀਂ ਹੋਇਆ। ਸਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਅਸੀਂ ਠੰਢੇ ਰਹਾਂਗੇ ਜਾਂ ਅਸੀਂ ਗਰਮ ਰਹਾਂਗੇ।

ਯਿਸੂ ਨੇ ਸਾਨੂੰ ਚੇਤਾਵਨੀ ਦਿੱਤੀ ਸੀ ਕਿ ਅੰਤ ਦੇ ਦਿਨਾਂ ਵਿੱਚ ਬਹੁਤ ਸਾਰੇ ਲੋਕਾਂ ਦਾ ਪਿਆਰ ਠੰਢਾ ਹੋ ਜਾਵੇਗਾ। *"ਬਹੁਤ ਸਾਰੇ ਲੋਕਾਂ ਦਾ ਪਿਆਰ ਕੁਧਰਮ ਦੇ ਵੱਧਣ ਕਾਰਨ ਠੰਡਾ ਹੋ ਜਾਵੇਗਾ। ਪਰ ਜਿਹੜਾ ਅੰਤ ਤੱਕ ਧੀਰਜ ਰੱਖਦਾ ਹੈ ਉਹ ਬਚਾਇਆ ਜਾਵੇਗਾ"* (ਮੱਤੀ 24:12,13 )। ਯਿਸੂ ਮਸੀਹ ਪ੍ਰਤੀ ਤੁਹਾਡਾ ਸਮਰਪਿਤ ਤੁਹਾਨੂੰ ਅੰਤ ਤੱਕ ਧੀਰਜ ਰੱਖਣ ਦੇ ਯੋਗ ਬਣਾਵੇਗਾ।

ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸਮਾਂ ਹੁਣੇ ਹੈ!

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** (ਰੋਮੀਆਂ 6:23)। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ “ਆਲ ਪੀਪਲਜ਼ ਚਰਚ” ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore – 560043, Karnataka, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *‘ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**


## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਅੱਜ ਦੇ ਸੰਸਾਰ ਵਿੱਚ ਇੱਕ ਇਹ ਗੁਣ ਹੈ ਜੋ ਆਮ ਤੌਰ ਤੇ ਸੰਸਾਰ ਵਿੱਚ ਦੁਰਲੱਭਤਾ ਤੋਂ ਪਾਇਆ ਜਾਂਦਾ ਹੈ। ਸਭ ਤੋਂ ਵੱਧ ਲੋਕ ਉਹ ਕਰਨਾ ਚਾਹੁੰਦੇ ਹਨ ਜੋ ਆਸਾਨ ਹੈ ਅਤੇ ਵਿਲੱਖਣ ਲੋਕਾਂ ਨੂੰ ਸਮਝਣਾ ਮੁਸ਼ਕਿਲ ਹੈ। ਸਮਰਪਣ ਇੱਕ ਅਨੁਸ਼ਾਸਨ ਹੈ। ਇਹ ਕਿ ਜਾਨ ਬੁੱਝਕਰ ਚੋਣ ਕਰਨ ਦੀ ਪ੍ਰਕਿਰਿਆ ਹੈ।

ਬਾਈਬਲ ਸਾਨੂੰ ਸਮਰਪਣ ਦੀ ਸਿੱਖਿਆ ਦਿੰਦੀ ਹੈ। ਪ੍ਰਭੂ ਯਿਸੂ ਨੇ ਕਿਹਾ: "ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ ਕਿਉਂ ਜੋ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ" (ਮੱਤੀ 6:24)। ਯਿਸੂ ਕਹਿੰਦੇ ਹਨ ਕਿ ਅਸੀਂ ਇਸੇ ਤਰ੍ਹਾਂ ਦੇ ਬਣਾਏ ਗਏ ਹਾਂ। ਇੱਕ ਮਨੁੱਖ ਦੇ ਦੋ-ਪੱਖੀ ਸਮਰਪਣ ਨਹੀਂ ਹੋ ਸਕਦੇ। ਇਹ ਪੁਸਤਕ ਸਮਰਪਣ ਦੀ ਸਮਰੱਥ 'ਤੇ ਜੋਰ ਦਿੰਦੀ ਹੈ ਅਤੇ ਤੁਹਾਨੂੰ ਨਿਰਦੇਸ਼ਕ ਕਰੇਗੀ ਕਿ ਤੁਸੀਂ ਜੋ ਕੁਝ ਵੀ ਕਰੋ ਉਸ ਦਾ ਪ੍ਰਤੀਕ ਹੋਵੇ। ਤੁਹਾਡੀ ਤੁਹਾਨੂੰ ਉਪਲੱਬਧ ਕਰਨ ਦੀ ਘੜੀ ਅੱਜ ਹੈ!




**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org